# ਮਨੋਰੰਜਨ ਫ਼ੀਸ ਦੀ ਮਦਦ ਦਾ ਪਰੋਗਰਾਮ

ਮਨੋਰੰਜਨ ਫ਼ੀਸ ਦੀ ਮਦਦ ਦਾ ਪਰੋਗਰਾਮ ਉਹਨਾਂ ਨੂੰ ਮਨੋਰੰਜਨ ਰੁਝੇਵਿਆਂ ਵਿਚ ਭਾਗ ਲੈਣ ਲਈ ਮੌਕੇ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ਮਾਇਕ ਸਹਾਇਤਾ ਦੀ ਲੋੜ ਹੁੰਦੀ ਹੈ ।

## ਇਹ ਕਿਉਂ ਮਹੱਤਵਪੂਰਨ ਹੈ ?

ਸਾਡਾ ਵਿਸ਼ਵਾਸ਼ ਹੈ ਕਿ ਹਮਿਲਟਨ ਦੇ ਸਾਰੇ ਨਿਵਾਸੀਆਂ ਨੂੰ ਮਨੋਰੰਜਨ ਰੁਝੇਵਿਆਂ ਵਿਚ ਹਿੱਸਾ ਲੈਣ ਤੋਂ ਪ੍ਰਾਪਤ ਹੋਣ ਵਾਲ਼ੇ ਸਰੀਰਕ, ਸਮਾਜਕ ਅਤੇ ਭਾਵ-ਆਤਮਕ ਫ਼ਾਇਦਿਆਂ ਦਾ ਅਨੁਭਵ ਹੋਵੇ ।

## ਕੌਣ ਯੋਗ-ਪਾਤਰ ਹੈ ?

ਹਮਿਲਟਨ ਵਿਚ ਰਹਿਣ ਵਾਲ਼ੇ ਵਿਅਕਤੀ ਅਤੇ ਪਰਿਵਾਰ ਜਿਹੜੇ ਘੱਟ ਆਮਦਨ ਦੀ ਰੇਖਾ (LICO) ਤੋਂ ਹੇਠਾਂ ਹਨ ।

## ਕੀ ਮਿਲ ਸਕਦਾ ਹੈ ?

ਫ਼ੀਸ ਦੀ ਮਦਦ ਉਹਨਾਂ ਪਰਿਵਾਰਾਂ ਨੂੰ ਮਿਲ ਸਕਦੀ ਹੈ ਜਿਹਨਾਂ ਦੇ ਨਿਰਭਰ ਬੱਚੇ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਬਾਲਗ / ਬਜ਼ੁਰਗ ਹਨ ।

ਪਰਿਵਾਰਾਂ ਲਈ :

- ਮਨੋਰੰਜਨ ਅਦਾਰੇ ਦਾ ਮੁਫ਼ਤ ਪਰਿਵਾਰਕ ਪਾਸ ।
- $150.00 ਪ੍ਰਤੀ ਬੱਚੇ ਦੇ ਹਿਸਾਬ ਨਾਲ਼ ਹਮਿਲਟਨ ਸ਼ਹਿਰ ਵਲੋਂ ਪੇਸ਼ ਕੀਤੇ ਮਨੋਰੰਜਨ ਪਰੋਗਰਾਮਾਂ ‘ਤੇ 12 ਮਹੀਨਿਆਂ ਦੌਰਾਨ ਖਰਚਣ ਵਾਸਤੇ ।
- 50% ਛੋਟ, ਵੱਧ ਤੋਂ ਵੱਧ ਸਾਲਾਨਾ $100.00 ਪ੍ਰਤੀ ਬੱਚੇ ਤੱਕ ਉਹਨਾਂ ਛੋਟੀਆਂ ਸੰਸਥਾਵਾਂ ਦੀਆਂ ਹਾਊਸ ਲੀਗ ਖੇਡਾਂ ਦੀ ਰਜਿਸਟਰੇਸ਼ਨ ਫ਼ੀਸ ਲਈ, ਜਿਹੜੀਆਂ ਹਮਿਲਟਨ ਸ਼ਹਿਰ ਦੀਆਂ ਮਨੋਰੰਜਨ ਸੁਵਿਧਾਵਾਂ ਵਰਤਦੀਆਂ ਹਨ ( ਹਾਕੀ, ਬੇਸ-ਬਾਲ, ਬਾਸਕਟ-ਬਾਲ, ਸੌਕਰ, ਲਕਰੌਸ, ਫ਼ੁੱਟ-ਬਾਲ, ਫ਼ਿੱਗਰ- ਸਕੇਟਿੰਗ ) ।
- ਹਰ ਸਾਲ ਗਰਮੀਆਂ ਵਿਚ 3 ਹਫ਼ਤਿਆਂ ਤੱਕ ਕਿਡਾਕਾ ਕੈਂਪ ਲਈ ਘੱਟ ਕੀਤੀ ਹਫ਼ਤਾਵਾਰੀ ਫ਼ੀਸ

**ਬਾਲਗਾਂ / ਬਜ਼ੁਰਗਾਂ ਲਈ :**

- ਹਿੱਸਾ ਲੈਣ ਲਈ ਸਾਲਾਨਾ ਪਾਸ ‘ਤੇ 75% ਛੋਟ

**ਜਾਂ**

- ਸਾਲਾਨਾ ਵਾਟਰਫ਼ਿਟ ਪਾਸ ‘ਤੇ 50% ਛੋਟ ।

## ਅਰਜ਼ੀ ਕਿਵੇਂ ਦੇਣੀ ਹੈ ?

1. ਮਨੋਰੰਜਨ ਫ਼ੀਸ ਮਦਦ ਫ਼ਾਰਮ ਭਰੋ। ਇਹ ਤੁਹਾਡੇ ਨੇੜੇ ਦੇ ਮਨੋਰੰਜਨ ਸੈਂਟਰ ‘ਤੇ ਉਪਲਭਦ ਹੈ ਜਾਂ www.hamilton.ca/recreation ਤੋਂ ਪਰਿੰਟ ਹੋਣ ਜੋਗ ਫ਼ਾਰਮ ਲੈ ਲਵੋ ।

*ੈ!! ' ' :

Recreation Fee Assistance Program
Lister Block, 3rd Floor
P.O. Box 2040
Hamilton, ON L8P 4Y5